Business Facts...

ਹਰ ਹਫਤੇ ਅਮਰੀਕਾ ਦੀ ਲੱਗਭਗ ਇਕ-ਤਿਹਾਈ ਆਬਾਦੀ ਵਾਲਮਾਰਟ ਜਾਂਦੀ ਹੈ।

ਸਰਾਫਾ ਬਾਜ਼ਾਰ

ਸੋਨਾ 1,65,600(+1,100), ਚਾਂਦੀ 2,74,000 (+1,000)

ਕ੍ਰਿਪਟੋਕਰੰਸੀ

ਬਿਟਕੁਆਈਨ	ਈਥਰ
67,868 (-0.70%)	1,978 (+0.38%)

	ਪੈਟਰੋਲ	ਡੀਜ਼ਲ
ਦਿੱਲੀ	94.72	87.62
ਮੁੰਬਈ	104.21	92.15
ਕੋਲਕਾਤਾ	105.41	92.02
ਚੇਨਈ	100.75	92.34
ਚੰਡੀਗੜ੍ਹ	94.30	82.35
ਹਰਿਆਣਾ	95.96	88.41
ਪੰਜਾਬ	98.38	88.19

ਰੇਟ 7 ਮਾਰਚ

ਖੇਤੀ ਜਿਨਸਾਂ

ਚੁਨਾ ਕਾਬਲੀ-	5400/8800
ਸਰ੍ਹੋਂ ਦਾ ਤੇਲ-	2450/2550
ਸਨ ਫਲਾਵਰ-	2400/2550

ਕਮੋਡਿਟੀ

ਕਰੂਡ	$ 90.90
ਨਿੱਕਲ	₹ 1,625.00
ਨੈਚੂਰਲ ਗੈਸ	₹ 298.20

ਮੱਧ-ਪੂਰਬ ਜੰਗ ਦਾ ਸੋਨੇ 'ਤੇ ਅਸਰ, ਦੁਬਈ 'ਚ ਭਾਰੀ ਛੋਟ 'ਤੇ ਵਿਕ ਰਿਹੈ ਸੋਨਾ

ਨਵੀਂ ਦਿੱਲੀ/ਦੁਬਈ, 7 ਮਾਰਚ (ਇੰਟ.)- ਅਮਰੀਕਾ-ਇਜ਼ਰਾਈਲ-ਈਰਾਨ ਵਿਚਾਲੇ ਵਧਦੇ ਜੰਗੀ ਤਣਾਅ ਦਾ ਅਸਰ ਹੁਣ ਗਲੋਬਲ ਗੋਲਡ ਮਾਰਕੀਟ 'ਤੇ ਵੀ ਵਿਖਾਈ ਦੇਣ ਲੱਗਾ ਹੈ। ਮੱਧ-ਪੂਰਬ ਸੰਕਟ ਦਰਮਿਆਨ ਦੁਬਈ 'ਚ ਸੋਨਾ ਭਾਰੀ ਛੋਟ ਦੇ ਨਾਲ ਵੇਚਿਆ ਜਾ ਰਿਹਾ ਹੈ। ਰਿਪੋਰਟਾਂ ਮੁਤਾਬਕ ਦੁਬਈ 'ਚ ਸੋਨੇ ਦੀਆਂ ਕੀਮਤਾਂ ਲੰਡਨ ਦੇ ਬੈਂਚਮਾਰਕ ਰੇਟ ਤੋਂ ਲੱਗਭਗ 30 ਡਾਲਰ ਪ੍ਰਤੀ ਔਂਸ ਤੱਕ ਘੱਟ 'ਤੇ ਆਫਰ ਕੀਤੀਆਂ ਜਾ ਰਹੀਆਂ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਜੰਗ ਕਾਰਨ ਹਵਾਈ ਆਵਾਜਾਈ ਪ੍ਰਭਾਵਿਤ ਹੋ ਗਈ ਹੈ ਅਤੇ ਸੋਨੇ ਦੀ ਸ਼ਿਪਮੈਂਟ ਸਮੇਂ ਸਿਰ ਹੋਰਾਂ ਦੇਸ਼ਾਂ ਤੱਕ ਨਹੀਂ ਪਹੁੰਚ ਰਹੀ।

ਦੁਬਈ ਏਸ਼ੀਆ ਲਈ ਵੱਡਾ ਗੋਲਡ ਹੱਬ

ਸੰਯੁਕਤ ਅਰਬ ਅਮੀਰਾਤ, ਖਾਸ ਕਰ ਕੇ ਦੁਬਈ, ਏਸ਼ੀਆ ਲਈ ਸੋਨੇ ਦੇ ਸਭ ਤੋਂ ਵੱਡੇ ਟ੍ਰੇਡਿੰਗ ਅਤੇ ਰਿਫਾਈਨਿੰਗ ਹੱਬ 'ਚੋਂ ਇਕ ਮੰਨਿਆ ਜਾਂਦਾ ਹੈ। ਇੱਥੋਂ ਭਾਰਤ ਸਮੇਤ ਕਈ ਏਸ਼ੀਆਈ ਦੇਸ਼ਾਂ 'ਚ ਵੱਡੀ ਮਾਤਰਾ 'ਚ ਸੋਨਾ ਭੇਜਿਆ ਜਾਂਦਾ ਹੈ। ਇਸ ਤੋਂ ਇਲਾਵਾ ਸਵਿਟਜ਼ਰਲੈਂਡ, ਬ੍ਰਿਟੇਨ ਅਤੇ ਕਈ ਅਫਰੀਕੀ ਦੇਸ਼ਾਂ ਤੋਂ ਆਉਣ ਵਾਲਾ ਬੁਲੀਅਨ ਵੀ ਦੁਬਈ ਦੇ ਜ਼ਰੀਏ ਏਸ਼ੀਆਈ ਬਾਜ਼ਾਰਾਂ ਤੱਕ ਪਹੁੰਚਦਾ ਹੈ।

ਏਅਰਸਪੇਸ ਬੰਦ ਹੋਣ ਕਾਰਨ ਸ਼ਿਪਮੈਂਟ ਅਟਕੀ

ਈਰਾਨ ਦੇ ਮਿਜ਼ਾਈਲ ਹਮਲਿਆਂ ਅਤੇ ਖੇਤਰ 'ਚ ਵਧਦੇ ਫੌਜੀ ਤਣਾਅ ਕਾਰਨ ਯੂ. ਏ. ਈ. ਦੇ ਕੁਝ ਹਿੱਸਿਆਂ ਦਾ ਏਅਰਸਪੇਸ ਬੰਦ ਕਰ ਦਿੱਤਾ ਗਿਆ ਹੈ। ਆਮ ਤੌਰ 'ਤੇ ਸੋਨਾ ਯਾਤਰੀ ਜਹਾਜ਼ਾਂ ਦੇ ਕਾਰਗੋ ਸੈਕਸ਼ਨ 'ਚ ਭੇਜਿਆ ਜਾਂਦਾ ਹੈ ਪਰ ਉਡਾਣਾਂ 'ਤੇ ਪਾਬੰਦੀ ਕਾਰਨ ਕਈ ਸ਼ਿਪਮੈਂਟ ਅਟਕ ਗਈਆਂ ਹਨ। ਲਾਜਿਸਟਿਕ ਕੰਪਨੀਆਂ ਅਤੇ ਟ੍ਰੇਡਰਜ਼ ਸੋਨੇ ਨੂੰ ਸੜਕ ਮਾਰਗ ਰਾਹੀਂ ਸਾਊਦੀ ਅਰਬ ਜਾਂ ਓਮਾਨ ਦੇ ਏਅਰਪੋਰਟ ਤੱਕ ਭੇਜਣ 'ਚ ਵੀ ਝਿੜਕ ਰਹੇ ਹਨ, ਕਿਉਂਕਿ ਸਰਹੱਦ ਪਾਰ ਕਰਨ 'ਚ ਸੁਰੱਖਿਆ ਅਤੇ ਲਾਜਿਸਟਿਕ ਜ਼ੋਖਮ ਜ਼ਿਆਦਾ ਹਨ।

ਭਾਰਤ 'ਚ ਫਿਲਹਾਲ ਲੋੜੀਂਦਾ ਸਟਾਕ

ਭਾਰਤ ਦੁਬਈ ਤੋਂ ਸੋਨੇ ਦਾ ਸਭ ਤੋਂ ਵੱਡਾ ਖਰੀਦਦਾਰ ਹੈ ਪਰ ਫਿਲਹਾਲ ਇੱਥੇ ਸਪਲਾਈ ਦਾ ਤਤਕਾਲ ਸੰਕਟ ਨਹੀਂ ਦਿਸ ਰਿਹਾ। ਮਾਹਿਰਾਂ ਮੁਤਾਬਕ ਜਨਵਰੀ 'ਚ ਵੱਡੇ ਪੱਧਰ 'ਤੇ ਦਰਾਮਦ ਹੋਣ ਕਾਰਨ ਬਾਜ਼ਾਰ 'ਚ ਅਜੇ ਲੋੜੀਂਦਾ ਸਟਾਕ ਮੌਜੂਦ ਹੈ ਅਤੇ ਮੰਗ ਵੀ ਮੱਠੀ ਬਣੀ ਹੋਈ ਹੈ। ਹਾਲਾਂਕਿ ਜੇਕਰ ਜੰਗ ਲੰਬੀ ਚੱਲਦੀ ਹੈ ਤਾਂ ਆਉਣ ਵਾਲੇ ਮਹੀਨਿਆਂ 'ਚ ਸਪਲਾਈ 'ਤੇ ਦਬਾਅ ਪੈ ਸਕਦਾ ਹੈ।

ਕੱਚੇ ਸੋਨੇ ਦੀ ਸਪਲਾਈ 'ਚ ਦਿੱਕਤ

ਗੋਲਡ ਰਿਫਾਈਨਿੰਗ ਸੈਕਟਰ 'ਤੇ ਵੀ ਜੰਗ ਦਾ ਅਸਰ ਦਿਸਣ ਲੱਗਾ ਹੈ। ਕਈ ਰਿਫਾਈਨਰੀਆਂ ਨੂੰ ਡੋਰੇ (ਅਰਧ-ਸੋਧਿਆ ਸੋਨਾ) ਦੀ ਸਪਲਾਈ ਮਿਲਣ 'ਚ ਦਿੱਕਤ ਹੋ ਰਹੀ ਹੈ। ਭਾਰਤ ਦੀ ਪ੍ਰਮੁੱਖ ਰਿਫਾਈਨਰੀ ਐੱਮ. ਐੱਮ. ਟੀ. ਸੀ.-ਪੈਂਪ ਨੂੰ ਵੀ ਮੱਧ-ਪੂਰਬ ਦੀਆਂ ਖਾਨਾਂ ਤੋਂ ਆਉਣ ਵਾਲੀ ਸਪਲਾਈ ਪ੍ਰਭਾਵਿਤ ਹੋਣ ਦੀ ਸੂਚਨਾ ਮਿਲੀ ਹੈ।

ਐੱਮ. ਐੱਮ. ਟੀ. ਸੀ.-ਪੈਂਪ ਦੇ ਸੀ. ਈ. ਓ. ਅਤੇ ਐੱਮ. ਡੀ. ਸਮਿਤ ਗੁਹਾ ਨੇ ਕਿਹਾ ਕਿ ਭਾਰਤ ਦੀ ਸਭ ਤੋਂ ਵੱਡੀ ਮੈਟਲ ਰਿਫਾਈਨਰੀ ਆਪਣੇ ਡੋਰੇ ਦਾ ਲੱਗਭਗ 10 ਫੀਸਦੀ ਮਿਡਲ ਈਸਟ ਦੀ ਇਕ ਖਾਨ ਤੋਂ ਲੈਂਦੀ ਹੈ ਪਰ ਸਪਲਾਈ 'ਚ ਰੁਕਾਵਟ ਆਈ ਹੈ। ਉਨ੍ਹਾਂ ਕਿਹਾ ਕਿ ਕਿਤੇ ਹੋਰ ਤੋਂ ਸਪਲਾਈ ਕੀਤੇ ਗਏ ਨਵੇਂ ਕਾਂਟਰੈਕਟ ਲਈ ਜੰਗ ਸ਼ੁਰੂ ਹੋਣ ਦੇ ਬਾਅਦ ਤੋਂ ਢੋਆ-ਢੁਆਈ ਲਾਗਤ 60 ਤੋਂ 70 ਫੀਸਦੀ ਤੱਕ ਵਧ ਗਈ ਹੈ।

ਗਲੋਬਲ ਬਾਜ਼ਾਰ 'ਚ ਉਤਾਰ-ਚੜ੍ਹਾਅ ਜਾਰੀ

ਇਸ ਸਾਲ ਹੁਣ ਤੱਕ ਹਾਜ਼ਰ ਸੋਨੇ ਦੀਆਂ ਕੀਮਤਾਂ 'ਚ ਲੱਗਭਗ 20 ਫੀਸਦੀ ਦਾ ਵਾਧਾ ਦਰਜ ਕੀਤਾ ਜਾ ਚੁੱਕਾ ਹੈ ਅਤੇ ਕੀਮਤਾਂ 5,000 ਡਾਲਰ ਪ੍ਰਤੀ ਔਂਸ ਤੋਂ ਉੱਪਰ ਬਣੀਆਂ ਹੋਈਆਂ ਹਨ। ਹਾਲਾਂਕਿ, ਡਾਲਰ ਮਜ਼ਬੂਤ ਹੋਣ ਅਤੇ ਜੰਗ ਨਾਲ ਜੁੜੀ ਬੇਭਰੋਸਗੀ ਕਾਰਨ ਬਾਜ਼ਾਰ 'ਚ ਤੇਜ਼ ਉਤਾਰ-ਚੜ੍ਹਾਅ ਵੀ ਵੇਖਣ ਨੂੰ ਮਿਲ ਰਿਹਾ ਹੈ।

ਆਉਣ ਵਾਲੇ ਹਫ਼ਤੇ 'ਚ ਸਿਤਾਰਿਆਂ ਦਾ ਮਾਰਕੀਟ 'ਤੇ ਪ੍ਰਭਾਵ

(ਪੰ. ਅਸੁਰਾਰੀ ਨੰਦ ਸ਼ਾਂਡਲ ਜੋਤਿਸ਼ ਰਿਸਰਚ ਸੈਂਟਰ, 381, ਮੋਤਾ ਸਿੰਘ ਨਗਰ, ਜਲੰਧਰ)

ਆਲੋਚਨਾ ਅਧੀਨ ਹਫ਼ਤੇ (11 ਮਾਰਚ ਤੋਂ 17 ਮਾਰਚ ਤੱਕ) 'ਚ ਤਿੰਨ ਸਿਤਾਰਿਆਂ ਦੀ ਸਥਿਤੀ 'ਚ ਬਦਲਾਅ ਹੁੰਦਾ ਹੈ-

ਬ੍ਰਹਿਸਪਤੀ ਮਾਰਗੀ ਹੁੰਦਾ ਹੈ, ਬੁੱਧ ਪੂਰਬ 'ਚ ਉਦੇ ਹੁੰਦਾ ਹੈ ਅਤੇ ਸੂਰਜ ਕੁੰਭ ਰਾਸ਼ੀ ਛੱਡ ਕੇ ਮੀਨ ਰਾਸ਼ੀ 'ਚ ਪ੍ਰਵੇਸ਼ ਕਰਦਾ ਹੈ। ਇਨ੍ਹਾਂ ਤੋਂ ਇਲਾਵਾ ਸ਼ੁੱਕਰ ਨਛੱਤਰ 'ਤੇ ਆਪਣੀ ਸਥਿਤੀ ਵੀ ਬਦਲਦਾ ਹੈ। ਸੂਰਜ ਦੇ ਰਾਸ਼ੀ ਪਰਿਵਰਤਨ ਕਾਰਨ ਟੁੱਟਦੇ-ਬਣਦੇ ਗ੍ਰਹਿ ਯੋਗ ਦਾ ਅਧਿਐਨ ਕਰਨ ਅਤੇ ਗ੍ਰਹਿਆਂ ਨਾਲ ਜੁੜੇ ਹੋਰਾਂ ਪਹਿਲੂਆਂ ਨੂੰ ਦੇਖਣ ਤੋਂ ਪਤਾ ਲੱਗਦਾ ਹੈ ਕਿ ਸਮੀਖਿਆ ਅਧੀਨ ਹਫ਼ਤਾ ਅਹਿਮ ਹੋਵੇਗਾ ਕਿਉਂਕਿ ਇਸ 'ਚ ਜਿੱਥੇ ਮੰਦਾ ਤੇਜ਼ੀ ਲਾ ਕੇ ਕੰਮ ਕਰਨ ਵਾਲੇ ਲਾਭ 'ਚ ਰਹਿ ਸਕਦੇ ਹਨ, ਉੱਥੇ ਹੀ ਇਕ ਲਾਈਨ ਦੀ ਸ਼ੁਰੂਆਤ ਵੀ ਹੋ ਸਕਦੀ ਹੈ।

ਹਫਤੇ ਦੇ ਸ਼ੁਰੂ ਤੋਂ ਪਿਛਲੇ ਹਫ਼ਤੇ ਵਾਲਾ ਰੁਖ ਹੀ ਮੋਟੇ ਤੌਰ 'ਤੇ ਪ੍ਰਭਾਵੀ ਰਹੇਗਾ ਪਰ 16 ਮਾਰਚ ਤੋਂ ਇਕ ਰੁਖ ਸ਼ੁਰੂ ਹੋ ਸਕਦਾ ਹੈ। ਇਸ ਹਫ਼ਤੇ 'ਚ 11, 16, 17 ਮਾਰਚ ਖਾਸ ਦਿਨ-ਵੈਸੇ 11 ਅਤੇ 16 ਮਾਰਚ ਦੋਵੇਂ ਦਿਨ ਇਕ ਤਰਫਾ ਝਟਕੇ ਆ ਸਕਦੇ ਹਨ।

ਤੇਲ ਸੋਇਆ, ਤੇਲ ਮੂੰਗਫਲੀ, ਸਰ੍ਹੋਂ, ਅਲਸੀ, ਤੋਰੀਆ, ਤਿਲ, ਤੇਲ, ਬਿਨੌਲਾ, ਅਰੰਡੀ, ਖਲ, ਸੀਂਗਦਾਣਾ, ਮੈਥਾ, ਪਿਪਰਾਮੈਂਟ ਅਤੇ ਹੋਰ ਤੇਲ ਪਦਾਰਥਾਂ ਅਤੇ ਵਨਸਪਤੀ ਆਦਿ 'ਚ ਪਿਛਲੇ ਹਫ਼ਤੇ 'ਚ ਜੇਕਰ ਤੇਜ਼ੀ ਚੱਲੀ ਹੋਵੇਗੀ ਤਾਂ ਫਿਰ ਹਫਤੇ ਦੇ ਸ਼ੁਰੂ ਤੋਂ ਤੇਜ਼ੀ ਚੱਲ ਪਵੇਗੀ, ਵੈਸੇ 11 ਅਤੇ 16 ਮਾਰਚ ਲਈ ਕਿਸੇ ਚੰਗੇ ਮੌਕੇ 'ਤੇ ਲੱਗੇ ਇਕ ਤਰਫਾ ਫਲ ਸਕਦੇ ਹਨ। ਪਟਸਨ, ਰੂੰ, ਕਪਾਹ, ਸਨ, ਸੂਤ, ਸਿਲਕ, ਸਟੈਪਲ, ਊਨੀ, ਸੂਤੀ, ਰੇਸ਼ਮੀ ਕੱਪੜੇ ਅਤੇ ਯਾਰਨ ਆਦਿ 'ਚ ਤੇਜ਼ੀ ਦਾ ਰੁਖ, 11 ਮਾਰਚ ਮੰਦੀ ਦੇ ਦਰਮਿਆਨ ਤੇਜ਼ੀ ਦਾ ਰਿਐਕਸ਼ਨ। 12, 13, 14, 15 ਮਾਰਚ ਨੂੰ ਮਜ਼ਬੂਤੀ ਦਾ ਰੁਖ, 16 ਮਾਰਚ ਵਾਲਾ ਅਸਰ 17 ਨੂੰ ਵੀ ਰਹੇਗਾ।

ਸ਼ੇਅਰ ਮਾਰਕੀਟ 'ਚ ਉਥਲ-ਪੁਥਲ ਦੇ ਦਰਮਿਆਨ 11 ਮਾਰਚ ਨੂੰ ਇਕ ਤਰਫਾ ਝਟਕਾ ਆਏਗਾ, 12-13 ਨੂੰ ਘਾਟੇ-ਵਾਧੇ ਦਰਮਿਆਨ ਮਜ਼ਬੂਤੀ, ਫਿਰ 16 ਮਾਰਚ ਨੂੰ ਰੇਟ ਝਟਕੇ ਦੇ ਨਾਲ ਇਕ ਪਾਸੇ ਚੱਲਣਗੇ।

ਸੋਨਾ, ਚਾਂਦੀ, ਹੀਰੇ, ਜਿਊਲਰੀ, ਵੱਡਮੁੱਲੇ ਪੱਥਰਾਂ, ਵੱਡਮੁੱਲੀਆਂ ਧਾਤਾਂ 'ਚ 11 ਮਾਰਚ ਇਕ ਤਰਫਾ ਝਟਕਾ ਆਉਣ ਦੀ ਆਸ, 12-13 ਨੂੰ ਪਿਛਲੇ ਹਫ਼ਤੇ ਵਾਲਾ ਰੁਖ, 14-15 ਮਾਰਚ ਨੂੰ ਬਾਜ਼ਾਰ ਦੀ ਛੁੱਟੀ, ਫਿਰ 16 ਮਾਰਚ ਨੂੰ ਤੇਜ਼ੀ ਦੇ ਝਟਕੇ ਦੀ ਸੰਭਾਵਨਾ, 17 ਮਾਰਚ ਨੂੰ 16 ਮਾਰਚ ਵਾਲਾ ਅਸਰ ਬਣਿਆ ਰਹੇਗਾ। ਗੁੜ, ਖੰਡ, ਸ਼ੱਕਰ ਅਤੇ ਹੋਰ ਮਿੱਠੀਆਂ ਰਸਦਾਰ ਵਸਤਾਂ ਅਤੇ ਮਿਸ਼ਰੀ ਆਦਿ 'ਚ ਹਫਤੇ ਦੇ ਸ਼ੁਰੂ ਤੋਂ ਤੇਜ਼ੀ, ਫਿਰ 16 ਦੇ ਰੁਖ ਨੂੰ ਦੇਖ ਕੇ 17 ਮਾਰਚ ਨੂੰ ਵੀ ਕੰਮ ਕਰਨ।

ਕਣਕ, ਗਵਾਰਾ, ਮਟਰ, ਮੱਕੀ, ਛੋਲੇ, ਜੌਂ, ਬਾਜਰਾ, ਅਰਹਰ, ਮੂੰਗੀ, ਮਾਸ ਅਤੇ ਹੋਰ ਅਨਾਜ ਪਦਾਰਥਾਂ ਅਤੇ ਦਾਲਾਂ ਆਦਿ 'ਚ ਜਨਰਲ ਰੁਝਾਨ ਮਜ਼ਬੂਤੀ ਦਾ ਬਣਿਆ ਰਹੇਗਾ। ਵੈਸੇ 11 ਅਤੇ 16 ਮਾਰਚ ਦੇ ਰੁਖ 'ਤੇ ਨਜ਼ਰ ਰੱਖਣ। ਹਾਜ਼ਰ ਮਾਰਕੀਟ 'ਚ ਲਿਵਾਲ ਅਤੇ ਖਰੀਦਦਾਰੀ ਦੀ ਵਧੀ ਹੋਈ ਸਰਗਰਮੀ ਨਜ਼ਰ ਆਏਗੀ ਅਤੇ ਉਹ ਖਰੀਦਦਾਰੀ ਦਾ ਕੰਮ ਕਰ ਸਕਦਾ ਹੈ ਪਰ ਵਿਕਰੇਤਾ ਖਾਮੋਸ਼ ਤੇ ਤਮਾਸ਼ਬੀਨ ਜਿਹਾ ਬਣਿਆ ਵਿਖਾਈ ਦੇਵੇਗਾ।

ਬਿਜ਼ਨੈੱਸ ਬ੍ਰੀਫ

ਵੇਦਾਂਤਾ ਦਾ ਟੀਚਾ : ਔਰਤਾਂ ਦੀ ਹਿੱਸੇਦਾਰੀ 35 ਫੀਸਦੀ ਤੱਕ ਵਧਾਉਣਾ

ਨਵੀਂ ਦਿੱਲੀ (ਭਾਸ਼ਾ)- ਵੇਦਾਂਤਾ ਸਮੂਹ ਨੇ ਆਪਣੇ ਸੰਗਠਨ ਦੇ ਸਾਰੇ ਪੱਧਰਾਂ 'ਚ ਔਰਤਾਂ ਦੀ ਹਿੱਸੇਦਾਰੀ ਵਧਾਉਣ ਦਾ ਟੀਚਾ ਰੱਖਿਆ ਹੈ। ਕੰਪਨੀ ਮੌਜੂਦਾ ਸਮੇਂ 'ਚ 23 ਫੀਸਦੀ ਔਰਤ ਕਰਮਚਾਰੀਆਂ ਦੇ ਅਨੁਪਾਤ ਨੂੰ ਵਧਾ ਕੇ 35 ਫੀਸਦੀ ਕਰਨ ਦੀ ਯੋਜਨਾ ਬਣਾ ਰਹੀ ਹੈ। ਇਸ ਪਹਿਲ ਦੇ ਤਹਿਤ ਵੇਦਾਂਤਾ ਨੇ 'ਹੈਸ਼ਟੈਗ ਹਰ ਐਟ ਦਿ ਕੋਰ' ਨਾਂ ਤੋਂ ਦੇਸ਼ ਪੱਧਰੀ ਮੁਹਿੰਮ ਅਤੇ ਲਿੰਕਡਇਨ ਆਧਾਰਿਤ ਭਰਤੀ ਮੁਹਿੰਮ ਸ਼ੁਰੂ ਕੀਤੀ ਹੈ। ਇਸ ਦੇ ਜ਼ਰੀਏ ਔਰਤਾਂ ਨੂੰ ਮਾਈਨਿੰਗ, ਧਾਤੂ, ਤੇਲ ਅਤੇ ਗੈਸ, ਬਿਜਲੀ ਅਤੇ ਟੈਕਨਾਲੋਜੀ ਵਰਗੇ ਖੇਤਰਾਂ 'ਚ ਕਰੀਅਰ ਬਣਾਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ।

ਵੇਦਾਂਤਾ ਲਿਮਟਿਡ ਦੀ ਗੈਰ-ਕਾਰਜਕਾਰੀ ਨਿਰਦੇਸ਼ਕ ਅਤੇ ਹਿੰਦੁਸਤਾਨ ਜ਼ਿੰਕ ਲਿਮਟਿਡ ਦੀ ਚੇਅਰਪਰਸਨ ਪ੍ਰਿਆ ਅਗਰਵਾਲ ਹੇਬਰ ਨੇ ਕਿਹਾ ਕਿ ਭਾਰਤ ਦੀਆਂ ਵਿਕਾਸ ਇੱਛਾਵਾਂ ਨੂੰ ਪੂਰਾ ਕਰਨ ਲਈ ਪ੍ਰਤਿਭਾਸ਼ਾਲੀ ਕਿਰਤਬਲ ਦੀ ਪੂਰਨ ਹਿੱਸੇਦਾਰੀ ਜ਼ਰੂਰੀ ਹੈ।

ਡਾਇਕਿਨ ਇੰਡੀਆ ਨੇ 2026 ਲਈ ਏ. ਆਈ. ਆਧਾਰਿਤ ਅਤੇ ਊਰਜਾ-ਕੁਸ਼ਲ ਏ. ਸੀ. ਰੇਂਜ ਪੇਸ਼ ਕੀਤੀ

ਗੁੜਗਾਓਂ, 7 ਮਾਰਚ (ਬਿਜ਼ਨੈੱਸ ਨਿਊਜ਼)- ਡਾਇਕਿਨ ਏਅਰ ਕੰਡੀਸ਼ਨਿੰਗ ਇੰਡੀਆ ਪ੍ਰਾਈਵੇਟ ਲਿਮਟਿਡ ਨੇ ਸਾਲ 2026 ਲਈ ਆਪਣੀ ਨਵੀਂ ਏਅਰ-ਕੰਡੀਸ਼ਨਿੰਗ ਉਤਪਾਦ ਲੜੀ ਲਾਂਚ ਕੀਤੀ ਹੈ, ਜਿਸ 'ਚ ਹਾਈ-ਐਫੀਸ਼ੀਐਂਸੀ ਰੂਮ ਏਅਰ ਕੰਡੀਸ਼ਨਰ (ਏ. ਸੀ.) ਅਤੇ ਏ. ਆਈ.-ਪਾਵਰਡ ਵੀ. ਆਰ. ਵੀ. ਐਲਫ਼ਾ ਸੀਰੀਜ਼ ਸ਼ਾਮਲ ਹਨ। ਨਵੀਂ ਰੂਮ ਏ. ਸੀ. ਰੇਂਜ ਨੂੰ ਨਵੀਂ ਬੀ. ਈ. ਈ. 2026 ਸਟਾਰ ਰੇਟਿੰਗ ਮਾਪਦੰਡਾਂ ਦੇ ਅਨੁਕੂਲ ਡਿਜ਼ਾਈਨ ਕੀਤਾ ਗਿਆ ਹੈ।

ਕੰਪਨੀ ਦੇ ਨਵੇਂ ਸਪਲਿਟ ਏ. ਸੀ. ਮਾਡਲਾਂ 'ਚ ਪੇਟੈਂਟਿਡ ਸਟ੍ਰੀਮਰ ਡਿਸਚਾਰਜ ਟੈਕਨਾਲੋਜੀ, ਸਵਿੰਗ ਕੰਪ੍ਰੈਸਰ, ਸਮਾਰਟ ਆਈ. ਓ. ਟੀ. ਕੁਨੈਕਟੀਵਿਟੀ, ਡੀ. ਐੱਨ. ਐੱਨ. ਐੱਸ. ਐੱਟੀ-ਕੋਰੋਜ਼ਨ ਕੋਟਿੰਗ ਅਤੇ ਹਾਈ-ਐਂਬੀਐਂਟ ਪ੍ਰਫਾਰਮੈਂਸ ਟੈਕਨਾਲੋਜੀ ਵਰਗੀਆਂ ਉੱਨਤ ਸਹੂਲਤਾਂ ਦਿੱਤੀਆਂ ਗਈਆਂ ਹਨ। ਇਹ ਏ. ਸੀ. 54 ਡਿਗਰੀ ਸੈਲਸੀਅਸ ਤੱਕ ਦੇ ਤਾਪਮਾਨ 'ਚ ਵੀ ਭਰੋਸੇਮੰਦ ਕੂਲਿੰਗ ਦੇਣ 'ਚ ਸਮਰੱਥ ਹਨ।

ਇਸ ਦੇ ਨਾਲ ਹੀ ਕੰਪਨੀ ਨੇ ਵੀ. ਆਰ. ਵੀ. ਐਲਫ਼ਾ ਸੀਰੀਜ਼ ਵੀ ਪੇਸ਼ ਕੀਤੀ ਹੈ, ਜਿਸ 'ਚ ਏ. ਆਈ. ਅਤੇ ਆਈ. ਓ. ਟੀ. ਆਧਾਰਿਤ ਸਮਾਰਟ ਕੰਟਰੋਲ ਸਿਸਟਮ ਦਿੱਤਾ ਗਿਆ ਹੈ।

ਡਾਇਕਿਨ ਇੰਡੀਆ ਦੇ ਚੇਅਰਮੈਨ ਅਤੇ ਐੱਮ. ਡੀ. ਕੰਵਲਜੀਤ ਜਾਵਾ ਨੇ ਕਿਹਾ ਕਿ 60 ਤੋਂ ਵੱਧ ਮਾਡਲਾਂ ਵਾਲੀ ਇਹ ਨਵੀਂ ਰੇਂਜ ਭਾਰਤੀ ਖਪਤਕਾਰਾਂ ਦੀਆਂ ਲੋੜਾਂ ਨੂੰ ਧਿਆਨ 'ਚ ਰੱਖ ਕੇ ਵਿਕਸਤ ਕੀਤੀ ਗਈ ਹੈ ਅਤੇ ਕੰਪਨੀ ਦੀ ਨਵੀਂ ਅਤੇ ਊਰਜਾ-ਕੁਸ਼ਲ ਤਕਨੀਕ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਭਾਰਤ 'ਚ 308 ਅਰਬਪਤੀ, ਦੁਨੀਆ 'ਚ ਤੀਜੇ ਨੰਬਰ 'ਤੇ ਪਹੁੰਚਿਆ ਦੇਸ਼

ਨਵੀਂ ਦਿੱਲੀ, 7 ਮਾਰਚ (ਅਨਸ)- ਭਾਰਤ 'ਚ ਅਰਬਪਤੀਆਂ ਦੀ ਗਿਣਤੀ ਵਧ ਕੇ 308 ਹੋ ਗਈ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ 24 ਜ਼ਿਆਦਾ ਹੈ। ਇਹ ਜਾਣਕਾਰੀ ਹੁਰੁਨ ਰਿਸਰਚ ਇੰਸਟੀਚਿਊਟ ਦੀ ਹੁਰੁਨ ਗਲੋਬਲ ਰਿਚ ਲਿਸਟ 2026 'ਚ ਸਾਹਮਣੇ ਆਈ ਹੈ।

ਇਸ ਵਾਧੇ ਨਾਲ ਭਾਰਤ ਅਰਬਪਤੀਆਂ ਦੀ ਗਿਣਤੀ ਦੇ ਮਾਮਲੇ 'ਚ ਦੁਨੀਆ 'ਚ ਤੀਜੇ ਨੰਬਰ 'ਤੇ ਪਹੁੰਚ ਗਿਆ ਹੈ। ਇਸ ਸੂਚੀ 'ਚ ਅਮਰੀਕਾ ਅਤੇ ਚੀਨ ਕ੍ਰਮਵਾਰ ਪਹਿਲੇ ਅਤੇ ਦੂਜੇ ਸਥਾਨ 'ਤੇ ਹਨ।

ਰਿਪੋਰਟ ਅਨੁਸਾਰ, ਭਾਰਤੀ ਅਰਬਪਤੀਆਂ ਦੀ ਕੁੱਲ ਜਾਇਦਾਦ 'ਚ ਸਾਲਾਨਾ ਆਧਾਰ 'ਤੇ 10 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਇਹ ਵਧ ਕੇ 112.6

ਲੱਖ ਕਰੋੜ ਰੁਪਏ ਹੋ ਗਈ ਹੈ। ਇਨ੍ਹਾਂ 'ਚੋਂ 199 ਅਰਬਪਤੀਆਂ ਦੀ ਜਾਇਦਾਦ 'ਚ ਵਾਧਾ ਦਰਜ ਕੀਤਾ ਗਿਆ ਹੈ। ਹਾਲਾਂਕਿ, 109 ਅਰਬਪਤੀਆਂ ਦੀ ਜਾਇਦਾਦ 'ਚ ਗਿਰਾਵਟ ਆਈ ਜਾਂ ਉਨ੍ਹਾਂ ਦੀ ਜਾਇਦਾਦ ਸਥਿਰ ਰਹੀ। ਰਿਪੋਰਟ ਅਨੁਸਾਰ ਭਾਰਤ ਦੇ ਅਰਬਪਤੀਆਂ 'ਚ ਔਰਤਾਂ ਦੀ ਹਿੱਸੇਦਾਰੀ ਲੱਗਭਗ 7 ਫੀਸਦੀ ਹੈ।

ਹੈਲਥਕੇਅਰ ਸੈਕਟਰ ਤੋਂ ਸਭ ਤੋਂ ਜ਼ਿਆਦਾ 53 ਨਵੇਂ ਅਰਬਪਤੀ

ਰਿਪੋਰਟ ਅਨੁਸਾਰ ਹੈਲਥਕੇਅਰ ਸੈਕਟਰ ਤੋਂ ਸਭ ਤੋਂ ਜ਼ਿਆਦਾ 53 ਨਵੇਂ ਅਰਬਪਤੀ ਸਾਹਮਣੇ ਆਏ। ਇਸ ਤੋਂ ਬਾਅਦ ਇੰਡਸਟ੍ਰੀਅਲ ਪ੍ਰੋਡਕਟਸ ਸੈਕਟਰ ਤੋਂ 36 ਅਤੇ ਕੰਜ਼ਿਊਮਰ ਗੁਡਸ ਸੈਕਟਰ ਤੋਂ 31 ਨਵੇਂ ਅਰਬਪਤੀ ਜੁੜੇ।

ਹਾਲਾਂਕਿ, ਨਵੇਂ ਅਰਬਪਤੀਆਂ ਦੀ ਗਿਣਤੀ ਘੱਟ ਹੋਣ ਦੇ ਬਾਵਜੂਦ ਊਰਜਾ ਸੈਕਟਰ ਕੋਲ ਸਭ ਤੋ